## ਦਫ਼ਤਰ ਕਾਰਜਕਾਰੀ ਇੰਜੀਨੀਅਰ ਪੰਚਾਇਤੀ ਰਾਜ ਲੋਕ ਨਿਰਮਾਣ ਮੰਡਲ ਪਟਿਆਲਾ

ਜ਼ਿਲ੍ਹਾ ਪ੍ਰੀਸ਼ਦ ਕੰਪਲੈਕਸ ਸਰਹਿੰਦ ਰੋਡ, ਪਟਿਆਲਾ, ਫੋਨ ਨੰ: 0175-2363935, ਈ.ਮੇਲ : xenprdpatiala@yahoo.in

ਵੱਲ

Principal
Brainwood Global School,
Patiala

ਮੀਮੋ ਨੰ:ਪਰਡ/ਪ/2025/ 1727 ਮਿਤੀ: 22/04/2025

**ਵਿਸ਼ਾ:-** ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸੰਬਧੀ।

**ਹਵਾਲਾ:-** ਆਪ ਦੀ ਪ੍ਰਤੀ ਬੇਨਤੀ ਮਿਤੀ 04/04/2025 ਜੋ ਕਿ ਇਸ ਦਫ਼ਤਰ ਵਿਖੇ ਮਿਤੀ 22/04/2025 ਨੂੰ ਪ੍ਰਾਪਤ ਹੋਈ।

ਉਪਰੋਕਤ ਵਿਸ਼ੇ ਸਬੰਧੀ ਆਪ ਜੀ ਵੱਲੋਂ ਦਿੱਤੀ ਗਈ ਪ੍ਰਤੀ ਬੇਨਤੀ ਦੇ ਆਧਾਰ ਅਤੇ ਆਪ ਵੱਲੋਂ ਪੇਸ਼ ਕੀਤੇ ਗਏ ਨਕਸ਼ੇ ਅਤੇ ਸਬੰਧਤ ਜੇ.ਈ./ਉਪ ਮੰਡਲ ਅਫ਼ਸਰ ਵੱਲੋਂ ਕੀਤੀ ਰਿਪੋਰਟ ਅਨੁਸਾਰ ਬਿਲਡਿੰਗ ਵੇਖਣ ਨੂੰ ਸੁਰੱਖਿਅਤ ਜਾਪਦੀ ਹੈ ਅਤੇ ਇਹ ਇਮਾਰਤ ਸਮਰੱਥ ਵਰਤਣ ਯੋਗ ਹੈ, ਦੇ ਆਧਾਰ ਤੇ **ਮਿਤੀ 31/03/2026** ਤੱਕ ਬਿਲਡਿੰਗ ਸੇਫਟੀ ਸਰਟੀਫਿਕੇਟ ਹੇਠ ਲਿਖੀਆਂ ਸ਼ਰਤਾਂ ਤੇ ਜਾਰੀ ਕੀਤਾ ਜਾਂਦਾ ਹੈ ਕਿ:-

1) ਆਪ ਇਸ ਸਮੇ ਦੌਰਾਨ ਇਸ ਬਿਲਡਿੰਗ ਦੇ ਪੇਸ਼ ਕੀਤੇ ਨਕਸ਼ੇ ਵਿੱਚ ਕੋਈ ਵਾਧਾ ਜਾਂ ਤਰਮੀਮ ਨਹੀਂ ਕਰੋਗੇ। ਜੇਕਰ ਆਪ ਦੀ ਸੰਸਥਾ ਵੱਲੋਂ ਅਜਿਹਾ ਕੀਤਾ ਗਿਆ ਤਾਂ ਇਹ ਸਰਟੀਫਿਕੇਟ ਰੱਦ ਸਮਝਿਆ ਜਾਵੇਗਾ ਅਤੇ ਆਪ ਨੂੰ ਨਵਾਂ ਸਕੂਲ ਸਰਟੀਫਿਕੇਟ ਜਾਰੀ ਕਰਵਾਉਣ ਹਿੱਤ ਦੁਬਾਰਾ ਤੋਂ ਅਪਲਾਈ ਕਰਨਾ ਹੋਵੇਗਾ।
2) ਜੇਕਰ ਆਪ ਵੱਲੋਂ ਇਸ ਬਿਲਡਿੰਗ ਵਿੱਚ ਕਿਸੇ ਕਿਸਮ ਦਾ ਵਾਧਾ ਜਾਂ ਤਰਮੀਮ ਕੀਤਾ ਜਾਂਦਾ ਹੈ ਤਾਂ ਇਹ ਕਿਸੇ ਸਰਟੀਫਾਇਡ ਇੰਜੀਨੀਅਰ ਦੀ ਦੇਖ-ਰੇਖ ਵਿੱਚ ਅਤੇ ਇਸ ਦਫਤਰ ਨੂੰ ਸੂਚਨਾ ਦਿੰਦਿਆਂ ਹੋਇਆ ਕਰਵਾਇਆ ਜਾਵੇ। ਵਾਧਾ ਮੁਕੰਮਲ ਹੋਣ ਉਪਰੰਤ ਆਪ ਇਹ ਸਰਟੀਫਿਕੇਟ ਦੁਬਾਰਾ ਤੋਂ ਜਾਰੀ ਕਰਵਾਉਗੇ।
3) ਜੇਕਰ ਕਿਸੇ ਕੁਦਰਤੀ ਕਾਰਨਾਂ ਕਰਕੇ ਇਸ ਇਮਾਰਤ ਨੂੰ ਕਿਸੇ ਕਿਸਮ ਦਾ ਨੁਕਾਸਨ ਪਹੁੰਚਦਾ ਹੈ ਤਾਂ ਇਸ ਦਫਤਰ ਨੂੰ ਫੌਰੀ ਤੌਰ ਤੇ ਸੂਚਨਾ ਦਿੱਤੀ ਜਾਵੇ ਜੀ।
4) ਇਹ ਸਰਟੀਫਿਕੇਟ **ਮਿਤੀ 31-03-2026 ਤੱਕ** ਹੀ ਵੈਲਿਡ ਹੋਵੇਗਾ। ਇਹ ਬਿਲਡਿੰਗ ਵੱਖਰੇ ਤੌਰ ਤੇ ਸਮਰੱਥ ਲੋਕਾਂ ਲਈ ਵਰਤੋਂ ਯੋਗ ਹੈ।
5) ਸੜਕ ਤੋਂ ਸਕੂਲ ਤੱਕ ਅਤੇ ਸੜਕ ਕਰਾਸਿੰਗ ਲਈ ਲੋੜੀਂਦੇ ਪ੍ਰਬੰਧ ਸਹੀ ਢੰਗ ਨਾਲ ਕੀਤੇ ਜਾਣ ਅਤੇ ਲੋੜੀਂਦੇ ਨਿਸ਼ਾਨ ਚਿੰਨ ਅਤੇ ਨਿਸ਼ਾਨ ਬੋਰਡ ਆਪਣੇ ਪੱਧਰ ਤੇ ਲਗਾਏ ਜਾਣੇ ਯਕੀਨੀ ਬਣਾਏ ਜਾਣ।
6) ਮਾਨਯੋਗ ਸੁਪਰੀਮ ਕੋਰਟ ਆਫ ਇੰਡੀਆ ਵੱਲੋਂ ਜਾਰੀ ਸਕੂਲ ਬੱਸਾਂ ਵਿੱਚ ਸੁਰੱਖਿਆ ਸਬੰਧੀ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।
7) ਪਾਰਕਿੰਗ ਲਈ ਇੰਤਜ਼ਾਮ ਸਕੂਲ ਅਥਾਰਟੀ ਆਪਣੇ ਪੱਧਰ ਤੇ ਕਰੇਗੀ, ਜਿਸ ਨਾਲ ਪਬਲਿਕ ਨੂੰ ਕਿਸੇ ਕਿਸਮ ਦੀ ਦਿੱਕਤ ਪੇਸ਼ ਨਹੀਂ ਆਉਣੀ ਚਾਹੀਦੀ ਹੈ।

22/4/25

ਕਾਰਜਕਾਰੀ ਇੰਜੀਨੀਅਰ,
ਪੰਚਾਇਤੀ ਰਾਜ ਲੋਕ ਨਿਰਮਾਣ ਮੰਡਲ,
ਪਟਿਆਲਾ।

05/02/2026 12:57